# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 04-08-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਦੇ ਕਾਂਡਲਾ ਵਿਖੇ ਬੰਦਰਗਾਹ ਖੇਤਰ ਵਿਚ ਭਾਰਤ ਦੇ ਪਹਿਲੇ ਮੇਕ-ਇਨ-ਇੰਡੀਆ ਗ੍ਰੀਨ ਹਾਈਡ੍ਰੋਜਨ ਪਲਾਂਟ ਦੇ ਚਾਲੂ ਹੋਣ ਨੂੰ ਸਥਿਰਤਾ ਵੱਲ ਇਤਿਹਾਸਕ ਕਦਮ ਦੱਸਿਆ ਏ। ਦੀਨਦਿਆਲ ਪੋਰਟ ਅਥਾਰਟੀ ਦਾ ਇਹ ਪ੍ਰੋਜੈਕਟ ਦੇਸ਼ ਦੇ ਸ਼ੁੱਧ-ਜ਼ੀਰੋ ਨਿਕਾਸ ਟੀਚੇ ਨੂੰ ਪ੍ਰਾਪਤ ਕਰਨ ਵੱਲ ਵੱਡਾ ਮੀਲ ਪੱਥਰ ਏ। ਇਕ ਸੋਸ਼ਲ ਮੀਡੀਆ ਪੋਸਟ ਵਿਚ, ਸ਼੍ਰੀ ਮੋਦੀ ਨੇ ਕਿਹਾ ਕਿ ਇਹ ਇੱਕ ਸ਼ਲਾਘਾਯੋਗ ਉਪਰਾਲਾ ਏ। ਜਿਕਰਯੋਗ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ ਮਈ 2025 ਵਿਚ ਭੁਜ ਦੀ ਆਪਣੀ ਫੇਰੀ ਦੌਰਾਨ 10 ਮੈਗਾਵਾਟ ਗ੍ਰੀਨ ਹਾਈਡ੍ਰੋਜਨ ਪਲਾਂਟ ਦਾ ਨੀਂਹ ਪੱਥਰ ਰੱਖਣ ਤੋਂ ਸਿਰਫ਼ ਚਾਰ ਮਹੀਨੇ ਬਾਅਦ ਇਹ ਪਲਾਂਟ ਚਾਲੂ ਹੋਇਆ ਏ। ਇਸ ਦੇ ਨਾਲ ਕਾਂਡਲਾ ਸਵਦੇਸ਼ੀ ਗ੍ਰੀਨ ਹਾਈਡ੍ਰੋਜਨ ਸਹੂਲਤ ਪਹਿਲੀ ਭਾਰਤੀ ਬੰਦਰਗਾਹ ਬਣ ਗਿਆ ਏ, ਜੋ ਕਿ ਨਵਿਆਉਣਯੋਗ ਊਰਜਾ ਤੇ ਟਿਕਾਊ ਬੁਨਿਆਦੀ ਢਾਂਚੇ ਵਿਚ ਗੁਜਰਾਤ ਦੀ ਵਧਦੀ ਭੂਮਿਕਾ ਨੂੰ ਦਰਸਾਉਂਦਾ ਏ। ਇਸ ਪਲਾਂਟ ਦਾ ਉਦਘਾਟਨ ਕੇਂਦਰੀ

ਬੰਦਰਗਾਹਾਂ, ਜਹਾਜ਼ਰਾਨੀ ਤੇ ਜਲ ਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਨੇ ਕੀਤਾ ਸੀ। ਪ੍ਰੋਜੈਕਟ ਦੇ ਤੇਜ਼ੀ ਨਾਲ ਲਾਗੂ ਕਰਨ 'ਤੇ, ਸ਼੍ਰੀ ਸੋਨੋਵਾਲ ਨੇ ਰਿਕਾਰਡ ਸਮੇਂ ਵਿਚ ਵੱਡੀ ਇੰਜੀਨੀਅਰਿੰਗ ਪ੍ਰਾਪਤੀ ਪ੍ਰਾਪਤ ਕਰਨ ਲਈ ਡੀ.ਪੀ.ਏ ਦੀ ਸ਼ਲਾਘਾ ਕੀਤੀ ਏ।

---------------------------------------------------------------

ਚੋਣ ਕਮਿਸ਼ਨ ਨੇ ਦੋ ਵੋਟਰ ਪਛਾਣ-ਪੱਤਰ ਹੋਣ ਦੇ ਵਿਵਾਦ ਵਿਚ ਘਿਰੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨੂੰ ਜਾਂਚ ਲਈ ਵੇਰਵੇ ਜਮ੍ਹਾਂ ਕਰਾਉਣ ਲਈ ਕਿਹਾ ਏ । ਬਿਹਾਰ ਦੇ ਦੀਘਾ ਵਿਧਾਨ ਸਭਾ ਹਲਕੇ ਦੇ ਚੋਣ ਰਜਿਸਟ੍ਰੇਸ਼ਨ ਅਧਿਕਾਰੀ ਨੇ ਕਿਹਾ ਏ ਕਿ ਸ਼੍ਰੀ ਯਾਦਵ ਨੇ ਕੱਲ੍ਹ ਪ੍ਰੈੱਸ ਕਾਨਫਰੰਸ ਵਿਚ ਜਿਹੜਾ ਵੋਟਰ ਆਈਡੀ ਕਾਰਡ ਦਿਖਾਇਆ, ਉਹ ਚੋਣ ਕਮਿਸ਼ਨ ਵਲੋਂ ਜਾਰੀ ਨਹੀਂ ਕੀਤਾ ਗਿਆ । ਤੇਜਸਵੀ ਯਾਦਵ ਦਾ ਨਾਂ ਦੀਘਾ ਵਿਧਾਨ ਸਭਾ ਹਲਕੇ ਦੀ ਵੋਟਰ ਸੂਚੀ ਵਿਚ ਦਰਜ ਏ। ਵੋਟਰ ਫੋਟੋ ਪਛਾਣ ਪੱਤਰ ਦਾ ਨੰਬਰ ਦਿਖਾਉਂਦੇ ਹੋਏ ਸ਼੍ਰੀ ਯਾਦਵ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਦਾ ਨਾਂ, ਖਰੜਾ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਏ । ਹਾਲਾਂਕਿ, ਪਟਨਾ ਜ਼ਿਲ੍ਹਾ ਚੋਣ ਅਧਿਕਾਰੀ ਡਾ. ਤਿਆਗ ਰਾਜਨ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ। ਇਸ ਤੋਂ ਬਾਅਦ,ਚੋਣ ਕਮਿਸ਼ਨ ਨੇ ਬਿਹਾਰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੂੰ

ਪੱਤਰ ਲਿਖਿਆ ਏ ਤੇ ਉਨ੍ਹਾਂ ਨੂੰ ਜ਼ਰੂਰੀ ਜਾਂਚ ਲਈ ਅਸਲ ਵੋਟਰ ਆਈ.ਡੀ ਕਾਰਡ ਅਤੇ ਇਸ ਦੇ ਵੇਰਵੇ ਪੇਸ਼ ਕਰਨ ਦੀ ਬੇਨਤੀ ਕੀਤੀ ਏ।

-----------------------------------------------------

ਯੁੱਧ ਨਸ਼ਿਆਂ ਵਿਰੁੱਧ ਦੇ 155ਵੇਂ ਦਿਨ ਪੰਜਾਬ ਪੁਲਿਸ ਨੇ ਕੱਲ੍ਹ ਪੰਜਾਬ ਵਿਚ 399 ਥਾਵਾਂ 'ਤੇ ਛਾਪੇਮਾਰੀ ਕੀਤੀ, ਇਸ ਦੌਰਾਨ 116 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰ ਕੇ 75 ਮਾਮਲੇ ਦਰਜ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕੋਲੋਂ ਡੇਢ ਕਿੱਲੋ ਤੋਂ ਵੱਧ ਹੈਰੋਇਨ, 37 ਹਜਾਰ ਨਸ਼ੀਲੀਆਂ ਗੋਲੀਆਂ-ਕੈਪਸੂਲ ਤੇ 11.88 ਲੱਖ ਰੁਪਏ ਦੀ ਨਗਦੀ ਬਰਾਮਦ ਕੀਤੀ ਗਈ। ਕਾਨੂੰਨ ਅਤੇ ਵਿਵਸਥਾ ਬਾਰੇ ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ 180 ਤੋਂ ਵੱਧ ਪੁਲਿਸ ਟੀਮਾਂ ਨੇ ਪੂਰੇ ਪੰਜਾਬ ਵਿਚ ਛਾਪੇਮਾਰੀ ਦੌਰਾਨ 433 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਏ।

-----------------------------------------------------

ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਨਿਰਦੇਸ਼ਾਂ ਦੇ ਅਨੁਸਾਰ, ਚੰਡੀਗੜ੍ਹ ਪ੍ਰਸ਼ਾਸਨ ਦੇ ਇੰਜੀਨੀਅਰਿੰਗ ਵਿਭਾਗ ਨੇ ਗ੍ਰੀਨ ਐਕਸ਼ਨ ਪਲਾਨ ਦੇ ਹਿੱਸੇ ਵਜੋਂ "ਪੇੜ ਲਗਾਓ ਪੇੜ ਬਚਾਓ" ਬੈਨਰ ਹੇਠ

ਵਿਆਪਕ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਏ। ਇਸ ਅਹਿਮ ਪਹਿਲ ਦਾ ਮਕਸਦ ਸ਼ਹਿਰ ਦੇ ਹਰੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਲੰਬੇ ਸਮੇਂ ਦੀ ਵਾਤਾਵਰਣ ਸਥਿਰਤਾ ਨੂੰ ਉਤਸ਼ਾਹਤ ਕਰਨਾ ਏ। ਇਸ ਮੁਹਿੰਮ ਦੇ ਹਿੱਸੇ ਵਜੋਂ ਸੈਕਟਰ 51 ਦੇ ਰਾਜੇਂਦਰ ਗਾਰਡਨ, ਸੈਕਟਰ ਇਕ, ਪਾਮ ਗਾਰਡਨ, ਕੋਨਿਫਰ ਗਾਰਡਨ, ਸਪ੍ਰਿੰਗ ਗਾਰਡਨ ਅਤੇ ਲਈਅਰ ਵੈਲੀ ਦੇ ਨਾਲ ਲੱਗਦੇ ਮੈਂਗੋ ਗਾਰਡਨ ਸਮੇਤ ਮੁੱਖ ਸਥਾਨਾਂ 'ਤੇ ਪਹਿਲਾਂ ਹੀ ਬੂਟੇ ਲਗਾਏ ਜਾ ਚੁੱਕੇ ਨੇ।

-----------------------------------------------------------

ਆਕਾਸ਼ਵਾਣੀ ਚੰਡੀਗੜ੍ਹ ਦੇ ਸੀਨੀਅਰ ਅਨਾਉਂਸਰ ਵਿਜੇ ਕੁਮਾਰ ਵਿਸ਼ਿਸ਼ਟ ਦਾ ਅੱਜ ਦੇਹਾਂਤ ਹੋ ਗਿਆ। 26 ਜੁਲਾਈ 1945 ਨੂੰ ਜਨਮੇ ਵਿਜੇ ਕੁਮਾਰ ਵਸ਼ਿਸ਼ਟ ਨੇ 22 ਜਨਵਰੀ 1971 ਨੂੰ ਆਕਾਸ਼ਵਾਣੀ ਚੰਡੀਗੜ੍ਹ ਤੋਂ ਅਨਾਊਂਸਰ ਵਜੋਂ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਆਕਾਸ਼ਵਾਣੀ ਬੰਬੇ ਵਿਚ ਵੀ ਸੇਵਾਵਾਂ ਨਿਭਾਈਆਂ। ਉਹ 31 ਜੁਲਾਈ 2005 ਨੂੰ ਸੇਵਾ ਮੁਕਤ ਹੋਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਸ਼ਾਮ 4 ਵਜੇ ਚੰਡੀਗੜ੍ਹ ਦੇ 25 ਸੈਕਟਰ ਸਥਿਤ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ।

---------------------------------------------------------------

ਕ੍ਰਿਕਟ ਵਿਚ, ਓਵਲ ਵਿਖੇ ਖੇਡਿਆ ਜਾ ਰਿਹਾ ਐਂਡਰਸਨ-ਤੇਂਦੁਲਕਰ ਟਰਾਫੀ ਦਾ ਪੰਜਵਾਂ ਤੇ ਆਖਰੀ ਟੈਸਟ ਮੈਚ ਦਿਲਚਸਪ ਗੇੜ 'ਤੇ ਪਹੁੰਚ ਗਿਆ ਏ। ਅੱਜ ਮੈਚ ਦੇ ਪੰਜਵੇਂ ਦਿਨ, ਮੇਜ਼ਬਾਨ ਇੰਗਲੈਂਡ ਆਪਣੀ ਦੂਜੀ ਪਾਰੀ 6 ਵਿਕਟਾਂ 'ਤੇ 339 ਦੌੜਾਂ ਤੋਂ ਅੱਗੇ ਖੇਡੇਗਾ। ਇੰਗਲੈਂਡ ਨੂੰ ਜਿੱਤਣ ਲਈ ਸਿਰਫ਼ 35 ਹੋਰ ਦੌੜਾਂ ਜਦਕਿ ਭਾਰਤ ਨੂੰ ਜਿੱਤ ਦਰਜ ਕਰਨ ਅਤੇ ਲੜੀ ਬਰਾਬਰ ਕਰਨ ਲਈ ਬਾਕੀ ਚਾਰ ਵਿਕਟਾਂ ਲੈਣ ਦੀ ਲੋੜ ਏ।